ਮਿੱਠੇ ਬੱਚੇ:- ਤੁਹਾਨੂੰ ਮਨਸਾ - ਵਾਚਾ - ਕਰਮਣਾ ਬਹੁਤ - ਬਹੁਤ ਖੁਸ਼ੀ ਨਾਲ ਰਹਿਣਾ ਹੈ , ਸਭ ਨੂੰ ਖੁਸ਼ ਕਰਨਾ ਹੈ , ਕਿਸੇ ਨੂੰ ਵੀ ਦੁੱਖ ਨਹੀਂ ਦੇਣਾ ਹੈ "

ਪ੍ਰਸ਼ਨ:- ਡਬਲ ਅਹਿੰਸਕ ਬਣਨ ਵਾਲੇ ਬੱਚਿਆਂ ਨੂੰ ਕਿਹੜਾ ਧਿਆਨ ਰੱਖਣਾ ਹੈ?

ਉੱਤਰ:- 1. ਧਿਆਨ ਰੱਖਣਾ ਹੈ ਕਿ ਇਵੇਂ ਕੋਈ ਵਾਚਾ ਮੁਖ ਤੋਂ ਨਾ ਨਿਕਲੇ ਜਿਸ ਨਾਲ ਕਿਸੇ ਨੂੰ ਵੀ ਦੁੱਖ ਹੋਵੇ ਕਿਓਂਕਿ ਵਾਚਾ ਤੋਂ ਦੁੱਖ ਦੇਣਾ ਵੀ ਹਿੰਸਾ ਹੈ। 2. ਅਸੀਂ ਦੇਵਤਾ ਬਣਨ ਵਾਲੇ ਹਾਂ, ਇਸਲਈ ਚਲਨ ਬਹੁਤ ਰਾਇਲ ਹੈ। ਖਾਣ - ਪਾਨ ਨਾ ਬਹੁਤ ਉੱਚਾ, ਨਾ ਨੀਚਾ ਹੋਵੇ।

ਗੀਤ:- ਨਿਰਬਲ ਸੇ ਲੜਾਈ ਬਲਵਾਨ ਕੀ…

ਓਮ ਸ਼ਾਂਤੀ। ਮਿੱਠੇ - ਮਿੱਠੇ ਸਿਕੀਲੱਧੇ ਬੱਚਿਆਂ ਨੂੰ ਬਾਪ ਰੋਜ਼- ਰੋਜ਼ ਪਹਿਲੇ ਸਮਝਾਉਂਦੇ ਹਨ ਕਿ ਆਪਣੇ ਨੂੰ ਆਤਮਾ ਸਮਝ ਬੈਠੋ ਅਤੇ ਬਾਪ ਨੂੰ ਯਾਦ ਕਰੋ। ਕਹਿੰਦੇ ਹਨ ਨਾ ਅਟੈਂਸ਼ਨ ਪਲੀਜ਼! ਤਾਂ ਬਾਪ ਕਹਿੰਦੇ ਹਨ ਇੱਕ ਤਾਂ ਅਟੈਂਸ਼ਨ ਦੇਵੋ ਬਾਪ ਦੇ ਵੱਲ। ਬਾਪ ਕਿੰਨਾ ਮਿੱਠਾ ਹੈ, ਉਨ੍ਹਾਂ ਨੂੰ ਕਿਹਾ ਜਾਂਦਾ ਹੈ ਪਿਆਰ ਦਾ ਸਾਗਰ, ਗਿਆਨ ਦਾ ਸਾਗਰ। ਤਾਂ ਤੁਹਾਨੂੰ ਵੀ ਪਿਆਰਾ ਬਣਨਾ ਚਾਹੀਦਾ ਹੈ। ਮਨਸਾ - ਵਾਚਾ - ਕਰਮਣਾ ਹਰ ਗੱਲ ਵਿੱਚ ਤੁਹਾਨੂੰ ਖੁਸ਼ੀ ਰਹਿਣੀ ਚਾਹੀਦੀ ਹੈ। ਕੋਈ ਨੂੰ ਵੀ ਦੁੱਖ ਨਹੀਂ ਦੇਣਾ ਹੈ। ਬਾਪ ਵੀ ਕਿਸੇ ਨੂੰ ਦੁਖੀ ਨਹੀਂ ਕਰਦੇ ਹਨ। ਬਾਪ ਆਏ ਹੀ ਹਨ ਸੁਖੀ ਕਰਨ। ਤੁਹਾਨੂੰ ਵੀ ਕਿਸੇ ਤਰ੍ਹਾਂ ਦਾ ਕਿਸੇ ਨੂੰ ਦੁੱਖ ਨਹੀਂ ਦੇਣਾ ਹੈ। ਕੋਈ ਵੀ ਅਜਿਹਾ ਕਰਮ ਨਹੀਂ ਕਰਨਾ ਚਾਹੀਦਾ ਹੈ। ਬਾਪ ਆਏ ਹੀ ਹਨ ਸੁਖੀ ਕਰਨ। ਮਨਸਾ ਵਿੱਚ ਵੀ ਨਹੀਂ ਆਉਣਾ ਚਾਹੀਦਾ। ਪਰ ਇਹ ਅਵਸਥਾ ਪਿਛਾੜੀ ਵਿੱਚ ਹੋਵੇਗੀ। ਕੁਝ ਨਾ ਕੁਝ ਕਰਮਇੰਦਰੀਆਂ ਤੋਂ ਭੁੱਲ ਹੁੰਦੀ ਹੈ। ਆਪਣੇ ਨੂੰ ਆਤਮਾ ਸਮਝਣਗੇ, ਦੂਜੇ ਨੂੰ ਵੀ ਆਤਮਾ ਭਰਾ ਵੇਖਣਗੇ ਤਾਂ ਫਿਰ ਕਿਸੇ ਨੂੰ ਦੁੱਖ ਨਹੀਂ ਦੇਣਗੇ। ਸ਼ਰੀਰ ਹੀ ਨਹੀਂ ਵੇਖਣਗੇ ਤਾਂ ਦੁੱਖ ਕਿਵੇਂ ਦੇਣਗੇ। ਇਸ ਵਿੱਚ ਗੁਪਤ ਮਿਹਨਤ ਹੈ। ਇਹ ਸਾਰਾ ਬੁੱਧੀ ਦਾ ਕੰਮ ਹੈ। ਹੁਣ ਤੁਸੀਂ ਪਾਰਸ ਬੁੱਧੀ ਬਣ ਰਹੇ ਹੋ। ਤੁਸੀਂ ਜਦੋਂ ਪਾਰਸਬੁੱਧੀ ਸੀ ਤਾਂ ਤੁਸੀਂ ਬਹੁਤ ਸੁਖ ਵੇਖੇ। ਤੁਸੀਂ ਹੀ ਸੁਖਧਾਮ ਦੇ ਮਾਲਿਕ ਸੀ ਨਾ। ਇਹ ਹੈ ਦੁਖਧਾਮ। ਇਹ ਤਾਂ ਬਹੁਤ ਸਿੰਪਲ ਹੈ। ਉਹ ਸ਼ਾਂਤੀਧਾਮ ਹੈ ਸਾਡਾ ਸਵੀਟ ਹੋਮ। ਫਿਰ ਉਥੋਂ ਪਾਰ੍ਹ ਵਜਾਉਣ ਆਏ ਹਨ, ਦੁੱਖ ਦਾ ਪਾਰ੍ਹ ਬਹੁਤ ਸਮੇਂ ਵਜਾਇਆ ਹੈ, ਹੁਣ ਸੁਖਧਾਮ ਵਿੱਚ ਚਲਣਾ ਹੈ ਇਸਲਈ ਇੱਕ - ਦੋ ਨੂੰ ਭਰਾ - ਭਰਾ ਸਮਝਣਾ ਹੈ। ਆਤਮਾ,ਆਤਮਾ ਨੂੰ ਦੁੱਖ ਨਹੀਂ ਦੇ ਸਕਦੀ। ਆਪਣੇ ਨੂੰ ਆਤਮਾ ਸਮਝ ਆਤਮਾ ਨਾਲ ਗੱਲ ਕਰ ਰਹੇ ਹਨ। ਆਤਮਾ ਹੀ ਤਖਤ ਤੇ ਵਿਰਾਜਮਾਨ ਹੈ। ਇਹ ਵੀ ਸ਼ਿਵਬਾਬਾ ਦਾ ਰਥ ਹੈ ਨਾ। ਬੱਚੀਆਂ ਕਹਿੰਦੀਆਂ ਹਨ - ਅਸੀਂ ਸ਼ਿਵਬਾਬਾ ਦੇ ਰਥ ਨੂੰ ਸ਼ਿੰਗਾਰਦੇ ਹਾਂ, ਸ਼ਿਵਬਾਬਾ ਦੇ ਰਥ ਨੂੰ ਖਿਲਾਉਂਦੇ ਹਾਂ। ਤਾਂ ਸ਼ਿਵਬਾਬਾ ਹੀ ਯਾਦ ਰਹਿੰਦਾ ਹੈ। ਉਹ ਹੈ ਹੀ ਕਲਿਆਣਕਾਰੀ ਬਾਪ। ਕਹਿੰਦੇ ਹਨ ਮੈਂ 5 ਤ੍ਤਵਾਂ ਦਾ ਵੀ ਕਲਿਆਣ ਕਰਦਾ ਹਾਂ। ਉੱਥੇ ਕੋਈ ਵੀ ਚੀਜ਼ ਕਦੀ ਤਕਲੀਫ ਨਹੀਂ ਦਿੰਦੀ ਹੈ। ਇੱਥੇ ਤਾਂ ਕਦੀ ਤੂਫ਼ਾਨ, ਕਦੀ ਠੰਡੀ ਕਦੀ ਕੀ ਹੁੰਦਾ ਰਹਿੰਦਾ ਹੈ। ਉੱਥੇ ਤਾਂ ਹਮੇਸ਼ਾ ਬਹਾਰੀ ਮੌਸਮ ਰਹਿੰਦਾ ਹੈ। ਦੁੱਖ ਦਾ ਨਾਮ ਨਹੀਂ। ਉਹ ਹੈ ਹੀ ਹੈਵਿਨ। ਬਾਪ ਆਏ ਹਨ ਤੁਹਾਨੂੰ ਹੈਵਿਨ ਦਾ ਮਾਲਿਕ ਬਣਾਉਣ। ਉੱਚ ਤੇ ਉੱਚ ਭਗਵਾਨ ਹੈ, ਉੱਚ ਤੇ ਉੱਚ ਬਾਪ ਉੱਚ ਤੇ ਉੱਚ ਸੁਪਰੀਮ ਟੀਚਰ ਵੀ ਹੈ ਤਾਂ ਜਰੂਰ ਉੱਚ ਤੇ ਉੱਚ ਹੀ ਬਣਾਉਣਗੇ ਨਾ। ਤੁਸੀਂ ਇਹ ਲਕਸ਼ਮੀ - ਨਾਰਾਇਣ ਸੀ ਨਾ। ਇਹ ਸਭ ਗੱਲਾਂ ਭੁੱਲ ਗਏ ਹੋ। ਇਹ ਬਾਪ ਹੀ ਬੈਠ ਸਮਝਾਉਂਦੇ ਹਨ। ਰਿਸ਼ੀਆਂ - ਮੁਨੀਆਂ ਆਦਿ ਤੋਂ ਪੁੱਛਦੇ ਸਨ - ਤੁਸੀਂ ਰਚਤਾ ਅਤੇ ਰਚਨਾ ਨੂੰ ਜਾਣਦੇ ਹੋ ਤਾਂ ਨੇਤਿ - ਨੇਤੀ ਕਹਿ ਦਿੰਦੇ ਸੀ, ਜਦੋਂ ਕਿ ਉਨ੍ਹਾਂ ਦੇ ਕੋਲ ਹੀ ਗਿਆਨ ਨਹੀਂ ਸੀ ਤਾਂ ਫਿਰ ਪਰਮਪਰਾ ਕਿਵੇਂ ਚਲ ਸਕਦਾ ਹੈ। ਬਾਪ ਕਹਿੰਦੇ ਹਨ ਇਹ ਗਿਆਨ ਮੈਂ ਹੁਣ ਹੀ ਦਿੰਦਾ ਹਾਂ। ਤੁਹਾਡੀ ਸਦਗਤੀ ਹੋ ਗਈ ਫਿਰ ਗਿਆਨ ਦੀ ਲੋੜ ਨਹੀਂ। ਦੁਰਗਤੀ ਹੁੰਦੀ ਹੀ ਨਹੀਂ। ਸਤਯੁਗ ਨੂੰ ਕਿਹਾ ਜਾਂਦਾ ਹੈ ਸਦਗਤੀ। ਇਹ ਹੈ ਦੁਰਗਤੀ। ਪਰ ਇਹ ਵੀ ਕਿਸੇ ਨੂੰ ਪਤਾ ਨਹੀਂ ਹੈ ਕਿ ਅਸੀਂ ਦੁਰਗਤੀ ਵਿੱਚ ਹਾਂ। ਬਾਪ ਦੇ ਲਈ ਗਾਇਆ ਜਾਂਦਾ ਹੈ ਲਿਬ੍ਰੇਟਰ, ਗਾਈਡ, ਖਵਇਆ। ਵਿਸ਼ੇ ਸਾਗਰ ਤੋਂ ਸਭ ਦੀ ਨਇਆ ਪਾਰ ਕਰਦੇ ਹਨ, ਉਸ ਨੂੰ ਕਹਿੰਦੇ ਹਨ ਸ਼ੀਰਸਾਗਰ। ਵਿਸ਼ਨੂੰ ਨੂੰ ਸ਼ੀਰ ਸਾਗਰ ਵਿੱਚ ਵਿਖਾਉਂਦੇ ਹਨ। ਇਹ ਸਭ ਹੈ ਭਗਤੀ ਮਾਰਗ ਦਾ ਗਾਇਨ। ਵੱਡਾ - ਵੱਡਾ ਤਲਾਬ ਹੈ, ਜਿਸ ਵਿੱਚ ਵਿਸ਼ਨੂੰ ਦਾ ਵੱਡਾ ਚਿੱਤਰ ਵਿਖਾਉਂਦੇ ਹਨ। ਬਾਪ ਸਮਝਾਉਂਦੇ ਹਨ, ਤੁਸੀਂ ਹੀ ਸਾਰੇ ਵਿਸ਼ਵ ਤੇ ਰਾਜ ਕੀਤਾ ਹੈ। ਕਈ ਵਾਰ ਹਾਰ ਖਾਈ ਅਤੇ ਜਿੱਤ ਪਾਈ ਹੈ। ਬਾਪ ਕਹਿੰਦੇ ਹਨ ਕਾਮ ਮਹਾਸ਼ਤ੍ਰ ਹੈ, ਉਨ੍ਹਾਂ ਤੇ ਜਿੱਤ ਪਾਉਣ ਨਾਲ ਤੁਸੀਂ ਜਗਤਜੀਤ ਬਣੋਗੇ। ਤਾਂ ਖੁਸ਼ੀ ਨਾਲ ਬਣਨਾ ਚਾਹੀਦਾ ਹੈ ਨਾ। ਭਾਵੇਂ ਗ੍ਰਹਿਸਤ ਵਿਵਹਾਰ ਵਿੱਚ, ਪ੍ਰਵ੍ਰਿਤੀ ਮਾਰਗ ਵਿੱਚ ਰਹੋ ਪਰ ਕਮਲ ਫੁੱਲ ਸਮਾਨ ਪਵਿੱਤਰ ਰਹੋ। ਹੁਣ ਤੁਸੀਂ ਕੰਡਿਆਂ ਤੋਂ ਫੁੱਲ ਬਣ ਰਹੇ ਹੋ। ਸਮਝ ਵਿੱਚ ਆਉਂਦਾ ਹੈ ਇਹ ਹੈ ਫਾਰੈਸਟ ਆਫ਼ ਥਾਰਨਸ (ਕੰਡਿਆਂ ਦਾ ਜੰਗਲ) ਇੱਕ ਦੂਜੇ ਨੂੰ ਕਿੰਨਾ ਤੰਗ ਕਰਦੇ ਹਨ, ਮਾਰ ਦਿੰਦੇ ਹਨ। ਤਾਂ ਬਾਪ ਮਿੱਠੇ - ਮਿੱਠੇ ਬੱਚਿਆਂ ਨੂੰ ਕਹਿੰਦੇ ਹਨ ਤੁਸੀਂ ਸਭ ਦੀ ਹੁਣ ਵਾਣਪ੍ਰਸਥ ਅਵਸਥਾ ਹੈ। ਛੋਟੇ - ਵੱਡੇ ਸਭ ਦੀ ਵਾਨਪ੍ਰਸਥ ਅਵਸਥਾ ਹੈ। ਤੁਸੀਂ ਵਾਣੀ ਤੋਂ ਪਰੇ ਜਾਣ ਦੇ ਲਈ ਪੜ੍ਹਦੇ ਹੋ ਨਾ। ਤੁਹਾਨੂੰ ਹੁਣ ਸਦਗੁਰੂ ਮਿਲਿਆ ਹੈ। ਉਹ ਤਾਂ ਵਾਨਪ੍ਰਸਥ ਵਿੱਚ ਤੁਹਾਨੂੰ ਲੈ ਹੀ ਜਾਣਗੇ। ਇਹ ਹੈ ਯੂਨੀਵਰਸਿਟੀ। ਭਗਵਾਨੁਵਾਚ ਹੈ ਨਾ। ਮੈਂ ਤੁਹਾਨੂੰ ਰਾਜਯੋਗ ਸਿਖਾਕੇ ਰਾਜਿਆਂ ਦਾ ਰਾਜਾ ਬਣਾਉਂਦਾ ਹਾਂ। ਜੋ ਪੂਜਯ ਰਾਜਾ ਸੀ ਉਹ ਹੀ ਫਿਰ ਪੁਜਾਰੀ ਰਾਜਾ ਬਣਦੇ ਹਨ। ਤਾਂ ਬਾਪ ਕਹਿੰਦੇ ਹਨ - ਬੱਚੇ, ਚੰਗੀ ਤਰ੍ਹਾਂ ਪੁਰਸ਼ਾਰਥ ਕਰੋ। ਦੈਵੀਗੁਣ ਧਾਰਨ ਕਰੋ। ਭਾਵੇਂ ਖਾਓ, ਪਿਓ, ਸ਼੍ਰੀਨਾਥ ਦੁਆਰੇ ਵਿੱਚ ਜਾਓ। ਉੱਥੇ ਘਿਓ ਦੇ ਮਾਲ ਢੇਰ ਮਿਲਦੇ ਹਨ, ਘਿਓ ਦੇ ਖੂਹ

ਹੀ ਬਣੇ ਹੋਏ ਹਨ। ਖਾਂਦੇ ਫਿਰ ਕੌਣ ਹਨ? ਪੁਜਾਰੀ। ਸ੍ਰੀਨਾਥ ਅਤੇ ਜਗਨਨਾਥ ਦੋਨਾ ਨੂੰ ਕਾਲਾ ਬਣਾਇਆ ਹੈ। ਜਗਨਨਾਥ ਦੇ ਮੰਦਿਰ ਵਿੱਚ ਦੇਵਤਾਵਾਂ ਦੇ ਗੰਦੇ ਚਿੱਤਰ ਹਨ, ਉੱਥੇ ਚਾਵਲ ਦਾ ਹਾਂਡਾ ਬਣਾਉਂਦੇ ਹਨ। ਉਹ ਪੱਕ ਜਾਨ ਤੇ 4 ਭਾਗ ਹੋ ਜਾਂਦੇ ਹਨ। ਸਿਰਫ ਚਾਵਲ ਦਾ ਹੀ ਭੋਗ ਲੱਗਦਾ ਹੈ ਕਿਉਂਕਿ ਹੁਣ ਸਾਧਾਰਨ ਹਨ ਨਾ। ਇਸ ਪਾਸੇ ਗਰੀਬ ਅਤੇ ਉਸ ਪਾਸੇ ਸਾਹੂਕਾਰ। ਹੁਣ ਤਾਂ ਵੇਖੋ ਕਿੰਨੇ ਗਰੀਬ ਹਨ। ਖਾਣ - ਪੀਣ ਨੂੰ ਕੁਝ ਨਹੀਂ ਮਿਲਦਾ ਹੈ। ਸਤਯੁਗ ਵਿੱਚ ਤਾਂ ਸਭ ਕੁਝ ਹੈ। ਤਾਂ ਬਾਪ ਆਤਮਾਵਾਂ ਨੂੰ ਬੈਠ ਸਮਝਾਉਂਦੇ ਹਨ। ਸ਼ਿਵਬਾਬਾ ਬਹੁਤ ਮੀਠਾ ਹੈ। ਉਹ ਤਾਂ ਹੈ ਨਿਰਾਕਾਰ, ਪਿਆਰ ਆਤਮਾ ਨੂੰ ਕੀਤਾ ਜਾਂਦਾ ਹੈ ਨਾ। ਆਤਮਾ ਨੂੰ ਹੀ ਬੁਲਾਇਆ ਜਾਂਦਾ ਹੈ। ਸ਼ਰੀਰ ਤਾਂ ਸੜ੍ਹ ਗਿਆ। ਉਨ੍ਹਾਂ ਦੀ ਆਤਮਾ ਨੂੰ ਬੁਲਾਉਂਦੇ ਹਨ, ਜਯੋਤੀ ਜਗਾਉਂਦੇ ਹਨ, ਇਸ ਨਾਲ ਸਿੱਧ ਹੈ ਆਤਮਾ ਨੂੰ ਹਨ੍ਹੇਰਾ ਹੁੰਦਾ ਹੈ। ਆਤਮਾ ਹੈ ਹੀ ਸ਼ਰੀਰ ਦੇ ਬਿਨਾਂ ਤਾਂ ਫਿਰ ਹਨ੍ਹੇਰੇ ਆਦਿ ਦੀ ਗੱਲ ਕਿਵੇਂ ਹੋ ਸਕਦੀ ਹੈ। ਉੱਥੇ ਇਹ ਗੱਲਾਂ ਹੁੰਦੀਆਂ ਨਹੀਂ। ਇਹ ਸਭ ਹੈ ਭਗਤੀ ਮਾਰਗ। ਬਾਪ ਕਿੰਨਾ ਚੰਗੀ ਤਰ੍ਹਾਂ ਸਮਝਾਉਂਦੇ ਹਨ। ਗਿਆਨ ਬਹੁਤ ਮਿੱਠਾ ਹੈ। ਇਸ ਵਿੱਚ ਅੱਖਾਂ ਖੋਲਕੇ ਸੁਣਨਾ ਹੁੰਦਾ ਹੈ। ਬਾਪ ਨੂੰ ਤਾਂ ਵੇਖੋਗੇ ਨਾ। ਤੁਸੀਂ ਜਾਣਦੇ ਹੋ ਸ਼ਿਵਬਾਬਾ ਇੱਥੇ ਵਿਰਾਜਮਾਨ ਹਨ ਤਾਂ ਅੱਖਾਂ ਖੋਲਕੇ ਬੈਠਣਾ ਚਾਹੀਦਾ ਨਾ । ਬੇਹੱਦ ਦੇ ਬਾਪ ਨੂੰ ਵੇਖਣਾ ਚਾਹੀਦਾ ਹੈ ਨਾ। ਪਹਿਲੋਂ ਬੱਚੀਆਂ ਬਾਬਾ ਨੂੰ ਵੇਖਣ ਨਾਲ ਹੀ ਧਿਆਨ ਵਿੱਚ ਚਲੀਆਂ ਜਾਂਦੀਆਂ ਸਨ, ਆਪਸ ਵਿੱਚ ਵੀ ਬੈਠੇ - ਬੈਠੇ ਧਿਆਨ ਵਿੱਚ ਚਲੇ ਜਾਂਦੇ ਸੀ। ਅੱਖਾਂ ਬੰਦ ਅਤੇ ਬੁੱਧੀ ਦੌੜਦੀ ਰਹਿੰਦੀ ਸੀ। ਕਮਾਲ ਤਾਂ ਸੀ ਨਾ। ਬਾਪ ਸਮਝਾਉਂਦੇ ਰਹਿੰਦੇ ਹਨ ਇੱਕ - ਦੂਜੇ ਨੂੰ ਵੇਖਦੇ ਹੋ ਤਾਂ ਇਵੇਂ ਸਮਝੋ - ਅਸੀਂ ਭਰਾ (ਆਤਮਾ) ਨਾਲ ਗੱਲ ਕਰਦੇ ਹਾਂ, ਭਰਾ ਨੂੰ ਸਮਝਾਉਂਦੇ ਹਾਂ। ਤੁਸੀਂ ਬੇਹੱਦ ਦੇ ਬਾਪ ਦੀ ਰਾਏ ਨਹੀਂ ਮੰਨੋਗੇ? ਤੁਸੀਂ ਇਹ ਅੰਤਿਮ ਜਨਮ ਪਵਿੱਤਰ ਦੁਨੀਆਂ ਦੇ ਮਾਲਿਕ ਬਣੋਗੇ। ਬਾਬਾ ਬਹੁਤਿਆਂ ਨੂੰ ਸਮਝਾਉਂਦੇ ਹਨ। ਕੋਈ ਤਾਂ ਫ਼ਟ ਨਾਲ ਕਹਿ ਦਿੰਦੇ ਹਨ ਬਾਬਾ ਅਸੀਂ ਜਰੂਰ ਪਵਿੱਤਰ ਬਣਾਂਗੇ। ਪਵਿੱਤਰ ਰਹਿਣਾ ਤਾਂ ਚੰਗਾ ਹੈ। ਕੁਮਾਰੀ ਪਵਿੱਤਰ ਹੈ ਤਾਂ ਸਭ ਉਨ੍ਹਾਂ ਨੂੰ ਮੱਥਾ ਟੇਕਦੇ ਹਨ। ਸ਼ਾਦੀ ਕਰਦੀ ਹੈ ਤਾਂ ਪੁਜਾਰੀ ਬਣ ਪੈਂਦੀ ਹੈ। ਸਭ ਨੂੰ ਮੱਥਾ ਟੇਕਣਾ ਪੈਂਦਾ ਹੈ। ਤਾ ਪਿਓਰਿਟੀ ਚੰਗੀ ਹੈ ਨਾ। ਪਿਓਰਿਟੀ ਹੈ ਤਾਂ ਪੀਸ ਪ੍ਰਾਸਪਰਟੀ ਹੈ। ਸਾਰਾ ਮਦਾਰ ਪਵਿੱਤਰਤਾ ਤੇ ਹੈ। ਬੁਲਾਉਂਦੇ ਵੀ ਹਨ ਪਤਿਤ - ਪਾਵਨ ਆਓ। ਪਾਵਨ ਦੁਨੀਆਂ ਵਿੱਚ ਰਾਵਣ ਹੁੰਦਾ ਹੀ ਨਹੀਂ। ਉਹ ਹੈ ਹੀ ਰਾਮਰਾਜ, ਸਭ ਸ਼ੀਰਖੰਡ ਰਹਿੰਦੇ ਹਨ। ਧਰਮ ਦਾ ਰਾਜ ਹੈ ਫਿਰ ਰਾਵਣ ਕਿਥੋਂ ਆਇਆ। ਰਮਾਇਣ ਆਦਿ ਕਿੰਨੇ ਪ੍ਰੇਮ ਨਾਲ ਬੈਠ ਸੁਣਾਉਂਦੇ ਹਨ। ਇਹ ਸਭ ਹੈ ਭਗਤੀ। ਤਾਂ ਬੱਚੀਆਂ ਸਾਖ਼ਸ਼ਾਤਕਾਰ ਵਿੱਚ ਡਾਂਸ ਕਰਨ ਲੱਗ ਪੈਂਦੀਆਂ ਹਨ। ਸੱਚ ਦੀ ਬੇੜੀ ਦਾ ਤਾਂ ਗਾਇਨ ਹੈ - ਹਿਲੇਗੀ ਪਰ ਡੁੱਬੇਗੀ ਨਹੀਂ। ਹੋਰ ਕੋਈ ਸਤਸੰਗ ਵਿੱਚ ਜਾਨ ਦੀ ਮਨਾ ਨਹੀਂ ਕਰਦੇ। ਇੱਥੇ ਕਿੰਨਾ ਰੋਕਦੇ ਹਨ। ਬਾਪ ਤੁਹਾਨੂੰ ਗਿਆਨ ਦਿੰਦੇ ਹਨ। ਤੁਸੀਂ ਬਣਦੇ ਹੋ ਬੀ. ਕੇ। ਬ੍ਰਾਹਮਣ ਤਾਂ ਜਰੂਰ ਬਣਨਾ ਹੈ। ਬਾਪ ਹੈ ਹੀ ਸ੍ਵਰਗ ਦੀ ਸਥਾਪਨਾ ਕਰਨ ਵਾਲਾ ਤਾਂ ਜਰੂਰ ਅਸੀਂ ਵੀ ਸ੍ਵਰਗ ਦੇ ਮਾਲਿਕ ਹੋਣੇ ਚਾਹੀਦੇ ਹਾਂ। ਅਸੀਂ ਇੱਥੇ ਨਰਕ ਵਿੱਚ ਕਿਓਂ ਪਏ ਹਾਂ। ਹੁਣ ਸਮਝ ਵਿੱਚ ਆਉਂਦਾ ਹੈ ਕਿ ਪਹਿਲੋਂ ਅਸੀਂ ਵੀ ਪੁਜਾਰੀ ਸੀ, ਹੁਣ ਫਿਰ ਪੂਜਯ ਬਣਦੇ ਹਾਂ 21 ਜਨਮਾਂ ਦੇ ਲਈ। 63 ਜਨਮ ਪੁਜਾਰੀ ਬਣੇ, ਹੁਣ ਫਿਰ ਅਸੀਂ ਪੂਜਯ ਸ੍ਵਰਗ ਦੇ ਮਾਲਿਕ ਬਣਾਂਗੇ। ਇਹ ਹੈ ਨਰ ਤੋਂ ਨਾਰਾਇਣ ਬਣਨ ਦੀ ਨਾਲੇਜ। ਭਗਵਾਨੁਵਾਚ ਮੈਂ ਤੁਹਾਨੂੰ ਰਾਜਿਆਂ ਦਾ ਰਾਜਾ ਬਣਾਉਂਦਾ ਹਾਂ। ਪਤਿਤ ਰਾਜੇ ਪਾਵਨ ਰਾਜਿਆਂ ਨੂੰ ਨਮਨ ਵੰਦਨ ਕਰਦੇ ਹਨ। ਹਰ ਇੱਕ ਮਹਾਰਾਜਾ ਦੇ ਮਹਿਲਾਂ ਵਿੱਚ ਮੰਦਿਰ ਜਰੂਰ ਹੋਵੇਗਾ। ਉਹ ਵੀ ਰਾਧੇ - ਕ੍ਰਿਸ਼ਨ ਦਾ ਜਾਂ ਲਕਸ਼ਮੀ - ਨਾਰਾਇਣ ਦਾ ਜਾਂ ਰਾਮ - ਸੀਤਾ ਦਾ। ਅੱਜਕਲ ਤਾਂ ਗਣੇਸ਼, ਹਨੂਮਾਨ ਆਦਿ ਦੇ ਵੀ ਮੰਦਿਰ ਬਣਾਉਂਦੇ ਰਹਿੰਦੇ ਹਨ। ਭਗਤੀ ਮਾਰਗ ਵਿੱਚ ਕਿੰਨੀ ਅੰਧਸ਼ਰਧਾ ਹੈ। ਹੁਣ ਤੁਸੀਂ ਸਮਝਦੇ ਹੋ ਬਰੋਬਰ ਅਸੀਂ ਰਜਾਈ ਕੀਤੀ ਫਿਰ ਵਾਮ ਮਾਰਗ ਵਿੱਚ ਡਿੱਗਦੇ ਹਾਂ, ਹੁਣ ਬਾਪ ਸਮਝਾਉਂਦੇ ਹਨ ਤੁਹਾਡਾ ਇਹ ਅੰਤਿਮ ਜਨਮ ਹੈ। ਮਿੱਠੇ - ਮਿੱਠੇ ਬੱਚੇ ਪਹਿਲੇ ਤੁਸੀਂ ਸ੍ਵਰਗ ਵਿੱਚ ਸੀ। ਫਿਰ ਉਤਰਦੇ - ਉਤਰਦੇ ਪੱਟ ਆਕੇ ਪਏ ਹੋ। ਤੁਸੀਂ ਕਹੋਗੇ ਅਸੀਂ ਬਹੁਤ ਉੱਚ ਸੀ ਫਿਰ ਬਾਪ ਸਾਨੂੰ ਉੱਚ ਚੜ੍ਹਾਉਂਦੇ ਹਨ। ਅਸੀਂ ਹਰ 5 ਹਜ਼ਾਰ ਵਰ੍ਹੇ ਬਾਦ ਪੜ੍ਹਦੇ ਹੀ ਆਉਂਦੇ ਹਾਂ। ਇਸ ਨੂੰ ਕਿਹਾ ਜਾਂਦਾ ਹੈ ਵਰਲਡ ਦੀ ਹਿਸਟ੍ਰੀ - ਜੋਗ੍ਰਾਫੀ ਰਪੀਟ।

ਬਾਬਾ ਕਹਿੰਦੇ ਹਨ ਮੈਂ ਤੁਸੀਂ ਬੱਚਿਆਂ ਨੂੰ ਵਿਸ਼ਵ ਦਾ ਮਾਲਿਕ ਬਣਾਉਂਦਾ ਹਾਂ। ਸਾਰੇ ਵਿਸ਼ਵ ਵਿੱਚ ਤੁਹਾਡਾ ਰਾਜ ਹੋਵੇਗਾ। ਗੀਤ ਵਿੱਚ ਵੀ ਹੈ ਨਾ - ਬਾਬਾ ਤੁਸੀਂ ਅਜਿਹਾ ਰਾਜ ਦਿੰਦੇ ਹੋ ਜੋ ਕੋਈ ਖੋਹ ਨਾ ਸਕੇ। ਹੁਣ ਕਿੰਨੀ ਪਾਰਟੀਸ਼ਨ ਹੈ। ਪਾਣੀ ਦੇ ਉੱਪਰ, ਜਮੀਨ ਦੇ ਉੱਪਰ ਝਗੜਾ ਚਲਦਾ ਰਹਿੰਦਾ ਹੈ। ਆਪਣੇ - ਆਪਣੇ ਪ੍ਰਾਂਤ ਦੀ ਸੰਭਾਲ ਕਰਦੇ ਰਹਿੰਦੇ ਹਨ। ਨਾ ਕਰਨ ਤਾਂ ਛੋਕਰੇ ਲੋਕ (ਬੱਚੇ ਲੋਗ) ਪੱਥਰ ਮਾਰਨ ਲੱਗ ਪੈਣ। ਉਹ ਲੋਕ ਸਮਝਦੇ ਹਨ ਇਹ ਨਵ ਜਵਾਨ ਪਹਿਲਵਾਨ ਬਣ ਭਾਰਤ ਦੀ ਰੱਖਿਆ ਕਰਣਗੇ। ਸੋ ਪਹਿਲਵਾਨੀ ਹੁਣ ਵਿਖਾਉਂਦੇ ਰਹਿੰਦੇ ਹਨ। ਦੁਨੀਆਂ ਦੀ ਹਾਲਤ ਵੇਖੋ ਕਿਵੇਂ ਦੀ ਹੈ। ਰਾਵਣ ਰਾਜ ਹੈ ਨਾ।

ਬਾਪ ਕਹਿੰਦੇ ਹਨ ਇਹ ਹੈ ਹੀ ਆਸੁਰੀ ਸਮਪ੍ਰਦਾਏ। ਤੁਸੀਂ ਹੁਣ ਦੈਵੀ ਸੰਪਰਦਾਏ ਬਣ ਰਹੇ ਹੋ। ਦੇਵਤਾਵਾਂ ਅਤੇ ਅਸੁਰਾਂ ਦੀ ਫਿਰ ਲੜਾਈ ਕਿਵੇਂ ਹੋਵੇਗੀ। ਤੁਸੀਂ ਤਾਂ ਡਬਲ ਅਹਿੰਸਕ ਬਣਦੇ ਹੋ। ਉਹ ਹਨ ਡਬਲ ਅਹਿੰਸਕ। ਦੇਵੀ - ਦੇਵਤਾਵਾਂ ਨੂੰ ਡਬਲ ਅਹਿੰਸਕ ਕਿਹਾ ਜਾਂਦਾ ਹੈ। ਅਹਿੰਸਾ ਪਰਮੋ ਦੇਵੀ - ਦੇਵਤਾ ਧਰਮ ਕਿਹਾ ਜਾਂਦਾ ਹੈ। ਬਾਬਾ ਨੇ ਸਮਝਾਇਆ - ਕਿਸੇ ਨੂੰ ਵਾਚਾ ਤੋਂ ਦੁੱਖ ਦੇਣਾ ਵੀ ਹਿੰਸਾ ਹੈ। ਤੁਸੀਂ ਦੇਵਤਾ ਬਣਦੇ ਹੋ ਤਾਂ ਹਰ ਗੱਲ ਵਿੱਚ ਰਾਇਲਟੀ ਹੋਣੀ ਚਾਹੀਦੀ ਹੈ। ਖਾਨ - ਪਾਨ ਆਦਿ ਨਾ ਬਹੁਤ ਉੱਚ , ਨਾ ਬਹੁਤ ਹਲਕਾ। ਇੱਕਰਸ। ਰਾਜਿਆਂ ਆਦਿ ਦਾ ਬੋਲਣਾ ਬਹੁਤ ਘੱਟ ਹੁੰਦਾ ਹੈ। ਪਰਜਾ ਦਾ ਵੀ ਰਾਜਾ ਨਾਲ ਬਹੁਤ ਪਿਆਰ ਰਹਿੰਦਾ ਹੈ। ਇੱਥੇ ਤਾਂ ਵੇਖੋ ਕੀ ਲੱਗਿਆ ਪਿਆ ਹੈ। ਕਿੰਨੇ ਅੰਦੋਲਨ ਹਨ। ਬਾਪ ਕਹਿੰਦੇ ਹਨ ਜਦੋਂ ਅਜਿਹੀ ਹਾਲਤ ਹੋ ਜਾਂਦੀ ਹੈ ਤੱਦ ਮੈਂ ਆਕੇ ਵਿਸ਼ਵ ਵਿੱਚ ਸ਼ਾਂਤੀ ਕਰਦਾ ਹਾਂ। ਗੌਰਮਿੰਟ ਚਾਹੁੰਦੀ ਹੈ - ਸਭ ਮਿਲਕੇ ਇੱਕ ਹੋ ਜਾਣ। ਭਾਵੇਂ ਸਭ ਬ੍ਰਦਰ੍ਸ ਤਾਂ ਹਨ ਪਰ ਇਹ ਤਾਂ ਖੇਡ ਹੈ ਨਾ। ਬਾਪ ਕਹਿੰਦੇ ਹਨ ਬੱਚਿਆਂ ਨੂੰ, ਤੁਸੀਂ ਕੋਈ ਫਿਕਰ ਨਹੀਂ ਕਰੋ। ਅਨਾਜ ਦੀ ਹੁਣ ਤਕਲੀਫ ਹੈ। ਉੱਥੇ ਤਾਂ ਅਨਾਜ ਇੰਨਾ ਹੋ ਜਾਏਗਾ,

ਬਗੈਰ ਪੈਸੇ ਜਿੰਨਾ ਚਾਹੋ ਉੰਨਾ ਮਿਲਦਾ ਰਹੇਗਾ। ਹੁਣ ਉਹ ਦੈਵੀ ਰਾਜਧਾਨੀ ਸਥਾਪਨ ਕਰ ਰਹੇ ਹਨ। ਅਸੀਂ ਹੈਲਥ ਨੂੰ ਵੀ ਅਜਿਹਾ ਬਣਾ ਦਿੰਦੇ ਹਾਂ ਜੋ ਕਦੀ ਕੋਈ ਰੋਗ ਹੋਵੇ ਹੀ ਨਹੀਂ, ਗਰੰਟੀ ਹੈ। ਕਰੈਕਟਰ ਵੀ ਅਸੀਂ ਇਨ੍ਹਾਂ ਦੇਵਤਾਵਾਂ ਵਰਗਾ ਬਣਾਉਂਦੇ ਹਾਂ। ਜਿਵੇਂ - ਜਿਵੇਂ ਦਾ ਮਨਿਸਟਰ ਹੋਵੇ ਉਵੇਂ ਉਨ੍ਹਾਂ ਨੂੰ ਸਮਝਾ ਸਕਦੇ ਹੋ। ਯੁਕਤੀ ਨਾਲ ਸਮਝਾਉਣਾ ਚਾਹੀਦਾ ਹੈ। ਓਪਿਨਿਯਨ ਵਿੱਚ ਬਹੁਤ ਚੰਗਾ ਲਿਖਦੇ ਹਨ। ਪਰ ਅਰੇ ਤੁਸੀਂ ਵੀ ਤਾਂ ਸਮਝੋ ਨਾ। ਤਾਂ ਕਹਿੰਦੇ ਹਨ ਫੁਰਸਤ ਨਹੀਂ। ਤੁਸੀਂ ਵੱਡੇ ਲੋਕ ਕੁਝ ਆਵਾਜ਼ ਕਰੋਗੇ ਤਾਂ ਗਰੀਬਾਂ ਦਾ ਵੀ ਭਲਾ ਹੋਵੇਗਾ।

ਬਾਪ ਸਮਝਾਉਂਦੇ ਹਨ ਹੁਣ ਸਭ ਦੇ ਸਿਰ ਤੇ ਕਾਲ ਖੜ੍ਹਾ ਹੈ। ਅੱਜਕਲ ਕਰਦੇ - ਕਰਦੇ ਕਾਲ ਖਾ ਜਾਵੇਗਾ। ਤੁਸੀਂ ਕੁੰਭਕਰਨ ਮਿਸਲ ਬਣ ਪਏ ਹੋ। ਬੱਚਿਆਂ ਨੂੰ ਸਮਝਾਉਣ ਵਿੱਚ ਬਹੁਤ ਮਜ਼ਾ ਵੀ ਆਉਂਦਾ ਹੈ। ਬਾਬਾ ਨੇ ਹੀ ਇਹ ਚਿੱਤਰ ਆਦਿ ਬਣਵਾਏ ਹਨ। ਦਾਦਾ ਨੂੰ ਥੋੜੀ ਹੀ ਇਹ ਗਿਆਨ ਸੀ। ਤੁਹਾਨੂੰ ਵਰਸਾ ਲੌਕਿਕ ਅਤੇ ਪਾਰਲੌਕਿਕ ਬਾਪ ਤੋਂ ਮਿਲਦਾ ਹੈ। ਅਲੌਕਿਕ ਬਾਪ ਤੋਂ ਵਰਸਾ ਨਹੀਂ ਮਿਲਦਾ ਹੈ। ਇਹ ਤਾਂ ਦਲਾਲ ਹੈ, ਇਨ੍ਹਾਂ ਦਾ ਵਰਸਾ ਨਹੀਂ ਹੈ। ਪ੍ਰਜਾਪਿਤਾ ਬ੍ਰਹਮਾ ਨੂੰ ਯਾਦ ਨਹੀਂ ਕਰਨਾ ਹੈ। ਮੇਰੇ ਤੋਂ ਤਾਂ ਤੁਹਾਨੂੰ ਕੁਝ ਵੀ ਨਹੀਂ ਮਿਲਦਾ ਹੈ। ਮੈਂ ਵੀ ਪੜ੍ਹਦਾ ਹਾਂ, ਵਰਸਾ ਹੈ ਹੀ ਇੱਕ ਹੱਦ ਦਾ, ਦੂਜਾ ਬੇਹੱਦ ਦੇ ਬਾਪ ਦਾ। ਪ੍ਰਜਾਪਿਤਾ ਬ੍ਰਹਮਾ ਕੀ ਵਰਸਾ ਦੇਣਗੇ। ਬਾਪ ਕਹਿੰਦੇ ਹਨ - ਮਾਮੇਕਮ ਯਾਦ ਕਰੋ, ਇਹ ਤਾਂ ਰਥ ਹੈ ਨਾ। ਰਥ ਨੂੰ ਤਾਂ ਯਾਦ ਨਹੀਂ ਕਰਨਾ ਹੈ ਨਾ। ਉੱਚ ਤੇ ਉੱਚ ਭਗਵਾਨ ਕਿਹਾ ਜਾਂਦਾ ਹੈ। ਬਾਪ ਆਤਮਾਵਾਂ ਨੂੰ ਬੈਠ ਸਮਝਾਉਂਦੇ ਹਨ। ਆਤਮਾ ਹੀ ਸਭ ਕੁਝ ਕਰਦੀ ਹੈ ਨਾ। ਇੱਕ ਖੱਲ ਛੱਡ ਦੂਜੀ ਲੈਂਦੀ ਹੈ। ਜਿਵੇਂ ਸੱਪ ਦਾ ਮਿਸਾਲ ਹੈ। ਭ੍ਰਮਰੀਆਂ ਵੀ ਤੁਸੀਂ ਹੋ। ਗਿਆਨ ਦੀ ਭੂੰ - ਭੂੰ ਕਰੋ। ਗਿਆਨ ਸੁਣਾਉਂਦੇ - ਸੁਣਾਉਂਦੇ ਤੁਸੀਂ ਕਿਸੇ ਨੂੰ ਵੀ ਵਿਸ਼ਵ ਦਾ ਮਾਲਿਕ ਬਣਾ ਸਕਦੇ ਹੋ। ਬਾਪ ਜੋ ਤੁਹਾਨੂੰ ਵਿਸ਼ਵ ਦਾ ਮਾਲਿਕ ਬਣਾਉਂਦੇ ਹਨ ਅਜਿਹੇ ਬਾਪ ਨੂੰ ਕਿਉਂ ਨਹੀਂ ਯਾਦ ਕਰੋਗੇ। ਹੁਣ ਬਾਪ ਆਇਆ ਹੈ ਹੈ ਤਾਂ ਵਰਸਾ ਕਿਉਂ ਨਹੀਂ ਲੈਣਾ ਚਾਹੀਦਾ ਹੈ। ਇਵੇਂ ਕਿਉਂ ਕਹਿੰਦੇ ਹਨ ਕਿ ਫੁਰਸਤ ਨਹੀਂ ਮਿਲਦੀ ਹੈ। ਚੰਗੇ - ਚੰਗੇ ਬੱਚੇ ਤਾਂ ਸੈਕਿੰਡ ਵਿੱਚ ਸਮਝ ਜਾਂਦੇ ਹਨ। ਬਾਬਾ ਨੇ ਸਮਝਾਇਆ ਹੈ - ਮਨੁੱਖ ਲਕਸ਼ਮੀ ਦੀ ਪੂਜਾ ਕਰਦੇ ਹਨ, ਹੁਣ ਲਕਸ਼ਮੀ ਤੋਂ ਕੀ ਮਿਲਦਾ ਹੈ ਅਤੇ ਅੰਬਾ ਤੋਂ ਕੀ ਮਿਲਦਾ ਹੈ? ਲਕਸ਼ਮੀ ਤਾਂ ਹੈ ਸ੍ਵਰਗ ਦੀ ਦੇਵੀ। ਉਨ੍ਹਾਂ ਤੋਂ ਪੈਸੇ ਦੀ ਭਿੱਖ ਮੰਗਦੇ ਹਨ। ਅੰਬਾ ਤੋਂ ਵਿਸ਼ਵ ਦਾ ਮਾਲਿਕ ਬਣਾਉਂਦੀ ਹੈ। ਸਭ ਕਾਮਨਾਵਾਂ ਪੂਰੀ ਕਰ ਦਿੰਦੀ ਹੈ। ਸ਼੍ਰੀਮਤ ਦੁਆਰਾ ਸਭ ਕਾਮਨਾਵਾਂ ਪੂਰੀ ਹੋ ਜਾਂਦੀ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਇਨ੍ਹਾਂ ਕਰਮਇੰਦਰੀਆਂ ਤੋਂ ਕੋਈ ਭੁੱਲ ਨਾ ਹੋਵੇ ਇਸ ਦੇ ਲਈ ਮੈਂ ਆਤਮਾ ਹਾਂ, ਇਹ ਸਮ੍ਰਿਤੀ ਪੱਕੀ ਕਰਨੀ ਹੈ। ਸ਼ਰੀਰ ਨੂੰ ਨਹੀਂ ਵੇਖਣਾ ਹੈ। ਇੱਕ ਬਾਪ ਦੇ ਵੱਲ ਅਟੈਂਸ਼ਨ ਦੇਣਾ ਹੈ।

2. ਹੁਣ ਵਾਨਪ੍ਰਸਥ ਅਵਸਥਾ ਹੈ ਇਸਲਈ ਵਾਣੀ ਤੋਂ ਪਰੇ ਜਾਣ ਦਾ ਪੁਰਸ਼ਾਰਥ ਕਰਨਾ ਹੈ, ਪਵਿੱਤਰ ਜਰੂਰ ਬਣਨਾ ਹੈ। ਬੁੱਧੀ ਵਿੱਚ ਰਹੇ - ਸੱਚ ਦੀ ਨਾਇਆ ਹਿਲੇਗੀ, ਡੁੱਬੇਗੀ ਨਹੀਂ।… ਇਸਲਈ ਵਿਘਨਾਂ ਤੋਂ ਘਬਰਾਉਣਾ ਨਹੀਂ ਹੈ।

ਵਰਦਾਨ:- ਡਰਾਮੇ ਦੀ ਨਾਲੇਜ ਨਾਲ ਅਚਲ ਸਥਿਤੀ ਬਨਾਉਣ ਵਾਲੇ ਪ੍ਰਾਕ੍ਰਿਤੀ ਅਤੇ ਮਾਇਆਜਿੱਤ ਭਵ।

ਪ੍ਰਾਕ੍ਰਿਤੀ ਅਤੇ ਮਾਇਆ ਦ੍ਵਾਰਾ ਕਿਵੇਂ ਦਾ ਵੀ ਪੇਪਰ ਆਵੇ ਲੇਕਿਨ ਜਰਾ ਵੀ ਹਲਚਲ ਨਾ ਹੋਵੇ। ਇਹ ਕੀ, ਇਹ ਕੀ, ਇਹ ਕੁਵਸ਼ਚਨ ਵੀ ਉੱਠਿਆ, ਕੋਈ ਵੀ ਸਮੱਸਿਆ ਵਾਰ ਕਰਨ ਵਾਲੀ ਬਣ ਗਈ ਤਾਂ ਫੇਲ੍ਹ ਹੋ ਜਾਵੋਗੇ ਇਸਲਈ ਕੁਝ ਵੀ ਹੋਵੇ ਲੇਕਿਨ ਅੰਦਰ ਤੋਂ ਇਹ ਆਵਾਜ ਨਿਕਲੇ ਕਿ ਵਾਹ ਮਿੱਠਾ ਡਰਾਮਾ ਵਾਹ, ਹਾਏ ਕੀ ਹੋਇਆ - ਇਹ ਸੰਕਲਪ ਵੀ ਨਾ ਆਵੇ। ਅਜਿਹੀ ਸਥਿਤੀ ਹੋਵੇ ਜੋ ਕਿਸੇ ਸੰਕਲਪ ਵਿਚ ਵੀ ਹਲਚਲ ਨਾ ਹੋਵੇ। ਸਦਾ ਅਚਲ, ਅਡੋਲ ਸਥਿਤੀ ਰਹੇ ਤਾਂ ਪ੍ਰਾਕ੍ਰਿਤੀਜਿੱਤ ਅਤੇ ਮਾਇਆਜਿੱਤ ਦਾ ਵਰਦਾਨ ਪ੍ਰਾਪਤ ਹੋਵੇਗਾ।

ਸਲੋਗਨ:- ਖੁਸ਼ਖਬਰੀ ਸੁਣਾਕੇ ਖੁਸ਼ੀ ਦਵਾਉਣਾ ਇਹ ਹੀ ਸਭ ਤੋਂ ਸ੍ਰੇਸ਼ਠ ਕ੍ਰਤਵਿਆ ਹੈ।

******

ਅਵਿਅਕਤ ਇਸ਼ਾਰੇ :- ਹੁਣ ਸੰਪੰਨ ਅਤੇ ਕਰਮਾਤੀਤ ਬਣਨ ਦੀ ਧੁਨ ਲਗਾਓ

ਮਹਾਰਥੀਆਂ ਦਾ ਪੁਰਸ਼ਾਰਥ ਹੁਣ ਵਿਸ਼ੇਸ਼ ਇਸੇ ਅਭਿਆਸ ਦਾ ਹੈ। ਹੁਣੇ - ਹੁਣੇ ਕਰਮਯੋਗੀ, ਹੁਣੇ - ਹੁਣੇ ਕਰਮਾਤੀਤ ਸਟੇਜ। ਪੁਰਾਣੀ ਦੁਨੀਆ ਵਿਚ ਪੁਰਾਣੇ ਅੰਤਿਮ ਸ਼ਰੀਰ ਵਿੱਚ ਕਿਸੇ ਵੀ ਕਿਸਮ ਦੀ ਵਿਆਧੀ ਆਪਣੀ ਸ੍ਰੇਸ਼ਠ ਸਥਿਤੀ ਨੂੰ ਹਲਚਲ ਵਿਚ ਨਾ ਲਿਆਵੇ। ਸਵ - ਚਿੰਤਨ, ਗਿਆਨ - ਚਿੰਤਨ, ਸ਼ੁਭਚਿੰਤਕ ਬਣਨ ਦਾ ਚਿੰਤਨ ਹੀ ਚੱਲੇ ਤਾਂ ਕਹਾਂਗੇ ਕਰਮਾਤੀਤ ਸਥਿਤੀ।